# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 28-06-2024**

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਹੰਗਾਮੇ ਕਾਰਨ ਅੱਜ ਕਾਰਵਾਈ ਸ਼ੁਰੂ ਹੁੰਦੇ ਹੀ, 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਜਿਉਂ ਹੀ ਮਰਹੂਮ ਮੈਂਬਰਾਂ ਨੂੰ ਸ਼ਰਧਾਂਜਲੀ ਦੇ ਕੇ ਕਾਰਵਾਈ ਸ਼ੁਰੂ ਹੋਈ,ਤਾਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਨੀਟ ਪੇਪਰ ਲੀਕ 'ਤੇ ਆਪਣੇ ਗੱਲ ਰੱਖਣੀ ਚਾਹੀ। ਇਸ 'ਤੇ ਸਪੀਕਰ ਨੇ ਉਨ੍ਹਾਂ ਨੂੰ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਦੇ ਮਤੇ 'ਤੇ ਚਰਚਾ ਕਰਨ ਤੋਂ ਬਾਅਦ, ਇਹ ਮੁੱਦਾ ਉਠਾਉਣ ਦੀ ਸਲਾਹ ਦਿੱਤੀ। ਇਸ ਦੇ ਬਾਵਜੂਦ ਸਦਨ ਵਿੱਚ ਹੰਗਾਮਾ ਜਾਰੀ ਰਿਹਾ। ਇਸ 'ਤੇ ਕਾਰਵਾਈ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਜ਼ਿਕਰਯੋਗ ਏ ਕਿ ਰਾਸ਼ਟਰਪਤੀ ਦੇ ਭਾਸ਼ਣ 'ਤੇ, ਲੋਕ ਸਭਾ 'ਚ 21 ਘੰਟੇ ਦੀ ਚਰਚਾ ਤੈਅ ਕੀਤੀ ਗਈ ਏ। ਇਸ ਵਿੱਚ BJP ਨੂੰ ਅੱਠ ਘੰਟੇ ਦਾ ਸਮਾਂ ਦਿੱਤਾ ਗਿਆ ਏ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ, 30 ਜੂਨ ਐਤਵਾਰ ਸਵੇਰੇ 11 ਵਜੇ, ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ 'ਚ, ਦੇਸ਼-ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ । ਇਹ ਇਸ ਰੇਡੀਓ ਪ੍ਰੋਗਰਾਮ ਦਾ 111ਵਾਂ ਐਪੀਸੋਡ ਹੋਵੇਗਾ । ਸ੍ਰੀ ਮੋਦੀ ਦੇ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ, ਮਨ ਕੀ ਬਾਤ ਦਾ ਇਹ ਪਹਿਲਾ ਪ੍ਰੋਗਰਾਮ ਹੋਵੇਗਾ । ਇਹ ਦੂਰਦਰਸ਼ਨ ਤੇ ਆਕਾਸ਼ਵਾਣੀ ਦੇ ਪੂਰੇ ਨੈਟਵਰਕ, Newsonair ਵੈਬਸਾਈਟ ਅਤੇ AIR ਮੋਬਾਈਲ ਐਪ ਤੇ ਵੀ ਪ੍ਰਸਾਰਿਤ ਕੀਤਾ ਜਾਵੇਗਾ।

---

ਪੰਜਾਬ ਸਰਕਾਰ ਨੇ ਸੂਬੇ ਦੇ ਨਾਗਰਿਕਾਂ ਦੀ ਭਲਾਈ ਲਈ ਵੱਖ ਵੱਖ ਯੋਜਨਾਵਾਂ ਉਲੀਕੀਆਂ ਹੋਈਆਂ ਨੇ ਜਿਨ੍ਹਾਂ ਅਧੀਨ ਪੰਜਾਬੀਆਂ ਨੂੰ ਲਾਭ ਮਿਲ ਰਿਹਾ ਏ । ਇਸੇ ਤਰਜ 'ਤੇ ਕੁੱਝ ਸਮਾਂ ਪਹਿਲਾਂ ਸਮਾਜਿਕ ਸੁਰੱਖਿਆ, ਔਰਤ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੇ ਨਿਰਦੇਸ਼ਾਂ ਹੇਠ ਸੂਬੇ ਵਿੱਚ ਸੂਬਾ ਪੈਨਸ਼ਨ ਯੋਜਨਾ ਅਧੀਨ ਲਾਭ ਲੈ ਰਹੇ

ਲਾਭਪਾਤਰੀਆਂ ਦੀ ਹੋਂਦ ਦਾ ਵਿਭਾਗ ਵੱਲੋਂ ਸਰਵੇ ਕਰਵਾਇਆ ਗਿਆ। ਸਰਵੇਖਣ ਰਿਪੋਰਟ ਆਉਣ ਤੇ ਅਯੋਗ ਲਾਭਪਾਤਰੀਆਂ ਦਾ ਪਰਦਾਫਾਸ ਹੋਇਆ ਏ। ਰਿਪੋਰਟ ਅਨੁਸਾਰ ਪਿਛਲੇ ਸਾਲ 2023- 24 ਦੌਰਾਨ ਸੂਬਾ ਪੈਨਸ਼ਨ ਯੋਜਨਾ ਅਧੀਨ ਪੈਨਸ਼ਨ ਲੈ ਰਹੇ 33 ਲੱਖ 48 ਹਜ਼ਾਰ 989 ਲਾਭਪਾਤਰੀਆਂ ਵਿੱਚੋਂ, ਇਕ ਲੱਖ 7 ਹਜ਼ਾਰ 571 ਲਾਭਪਾਤਰੀ ਅਯੋਗ ਪਾਏ ਗਏ ਨੇ, ਜਿਨ੍ਹਾਂ ਤੋਂ 41 ਕਰੋੜ 22 ਲੱਖ ਰੁਪਏ ਦੀ ਰਿਕਵਰੀ ਕੀਤੀ ਗਈ ਏ।

---------------------------------------------------

ਦੇਸ਼ ਵਿਚ ਅੰਗਰੇਜ਼ੀ ਰਾਜ ਸਮੇ ਬਣੇ ਤਿੰਨ ਕਾਨੂੰਨਾਂ ਦੀ ਥਾਂ ਪਹਿਲੀ ਜੁਲਾਈ ਤੋਂ ਨਵੇਂ ਕ਼ਾਨੂਨ ਲਾਗੂ ਹੋ ਜਾਣਗੇ। ਇਹ ਨਵੇਂ ਕ਼ਾਨੂਨ ਮੌਜੂਦਾ ਸਮੇਂ ਮੁਤਾਬਿਕ ਬਣਾਏ ਗਏ ਨੇ।

***ਹੋਰ ਵੇਰਵੇ ਨਾਲ ਇਹ ਰਿਪੋਰਟ : ਡਿਸਪੈਚ: ਤਿੰਨ ਨਵੇਂ ਕਾਨੂੰਨ ਭਾਰਤੀ ਨਿਆਏ ਸੰਹਿਤਾ, ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਭਾਰਤੀ ਸਾਕਸ਼ਯ ਐਕਟ ਬਸਤੀਵਾਦੀ ਯੁਗ ਦੇ ਇੰਡੀਅਨ ਪੀਨਲ ਕੋਡ, ਕੋਡ ਆਫ ਕਰਿਮੀਨਲ ਪ੍ਰੋਸੀਜ਼ਰ ਅਤੇ ਇੰਡੀਅਨ ਐਵੀਡੈਂਸ***

ਐਕਟ ਦੀ ਥਾਂ ਲੈਣਗੇ । ਇਨਾਂ ਕਾਨੂੰਨਾਂ ਦਾ ਮਕਸਦ ਵੱਖ ਵੱਖ ਜੁਰਮਾਂ ਨੂੰ ਪਰਿਭਾਸ਼ਤ ਕਰਕੇ ਉਨ੍ਹਾਂ ਲਈ ਸਜ਼ਾ ਤੈਅ ਕਰਨਾ ਅਤੇ ਦੇਸ਼ 'ਚ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਬਦਲਣਾ ਏ । ਜਿਹੜੀਆਂ ਧਾਰਾਵਾਂ ਜੁਰਮ ਦੀ ਪਛਾਣ ਬਣ ਚੁੱਕੀਆ ਸਨ, ਨਵੇਂ ਕਾਨੂੰਨ ਲਾਗੂ ਹੋਣ ਤੋ ਬਾਅਦ ਉਨ੍ਹਾ ਵਿਚ ਵੀ ਬਦਲਾਅ ਹੋਵੇਗਾ। ਜਿਵੇਂ ਕਿ ਕਤਲ ਲਈ ਲਾਈ ਜਾਂਦੀ ਆਈ ਪੀ ਸੀ ਦੀ ਧਾਰਾ 302 ਹੁਣ ਧਾਰਾ 101 ਵਜੋਂ ਜਾਣੀ ਜਾਵੇਗੀ, ਠੱਗੀ ਲਈ ਲਾਈ ਜਾਂਦੀ ਧਾਰਾ 420 ਹੁਣ ਧਾਰਾ 316 ਹੋਵੇਗੀ ਜਦਕਿ ਜ਼ਬਰ ਜਿਨਾਹ ਵਾਲੀ ਧਾਰਾ 376 ਹੁਣ ਧਾਰਾ 63 ਹੋਵੇਗੀ। ਭਾਰਤੀ ਨਿਆ ਸਹਿੰਤਾ ਵਿੱਚ ਇਹ ਤੈਅ ਹੋਵੇਗਾ ਕਿ ਕਿਹੜਾ ਕੰਮ ਜੁਰਮ ਏ ਅਤੇ ਉਸ ਲਈ ਕੀ ਸਜ਼ਾ ਹੋਵੇਗੀ। ਆਈ ਪੀ ਸੀ ਦੀਆਂ 511 ਧਰਾਵਾਂ ਦੇ ਮੁਕਾਬਲੇ ਨਵੀਂ ਭਾਰਤੀ ਨਿਆਏ ਸਹਿੰਤਾ ਵਿੱਚ 358 ਧਰਾਵਾਂ ਹੋਣਗੀਆਂ, 21 ਨਵੇਂ ਜੁਰਮਾਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ ਏ । ਇਸੇ ਤਰਾਂ ਨਾਲ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਵਿੱਚ 531 ਧਾਰਾਵਾਂ ਹੋਣਗੀਆਂ। ਇਸ ਵਿਚ ਪੁਰਾਣੇ ਕ਼ਾਨੂਨ ਦੀਆਂ 177 ਧਾਰਾਵਾਂ ਨੂੰ ਬਦਲਿਆ ਗਿਆ ਏ

***ਅਤੇ ਨੌ ਨਵੀਆਂ ਧਾਰਾਵਾਂ ਜੋੜ ਕੇ 14 ਧਰਾਵਾਂ ਖਤਮ ਵੀ ਕੀਤੀਆਂ ਗਈਆਂ ਨੇ। ਅੱਤਵਾਦ, ਮੌਬ-ਲਿੰਚਿੰਗ ਅਤੇ ਕੌਮੀ ਸੁਰੱਖਿਆ ਖਤਰੇ ਵਿੱਚ ਪਾਉਣ ਵਾਲੇ ਜੁਰਮਾਂ ਲਈ ਸਜ਼ਾ ਹੋਰ ਸਖਤ ਕੀਤੀ ਗਈ ਏ। ਯਕੀਨਨ ਇਸ ਨਾਲ ਮੌਜੂਦਾ ਨਿਯਾ ਪ੍ਰਣਾਲੀ ਹੋਰ ਵਧੇਰੇ ਮਜਬੂਤ ਹੋਵੇਗੀ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ***

---

ਇਸ ਦੌਰਾਨ ਕੇਂਦਰ ਸਰਕਾਰ ਵਲੋਂ ਤਿਆਰ ਤਿੰਨ ਨਵੇਂ ਕਾਨੂੰਨ, ਪਹਿਲੀ ਜੁਲਾਈ ਤੋਂ ਲਾਗੂ ਹੋਣ ਜਾ ਰਹੇ ਨੇ। ਇਨਾਂ ਬਾਰੇ ਕਾਨੂੰਨ ਮਾਹਰ ਕਾਫੀ ਆਸਵੰਦ ਨੇ ਅਤੇ ਇਨਾਂ ਨੂੰ ਸਮੇਂ ਮੁਤਾਬਕ ਬਣਾਇਆ ਮੰਨਦੇ ਨੇ।